# ਵਿਸ਼ਵਵਿਆਪੀ ਇੰਜੀਲ ਵਿਹਾਰ ’ਚ

ਅਬਰਾਹਾਮ ਦੀ ਸੰਤਾਨ ਲਈ ਮੂਸਾ ਦੀ ਸ਼ਰ੍ਹਾ ਨੂੰ ਛੱਡਣਾ ਔਖਾ ਸੀ। ਉਨ੍ਹਾਂ ਸਭ ਪਰਬਾਂ, ਕੁਰਬਾਨੀਆਂ, ਰਵਾਇਤਾਂ, ਖਾਣ-ਪੀਣ ਅਤੇ ਨਿੱਜੀ ਜ਼ਿੰਦਗੀ ਦੇ ਨਿਯਮਾਂ ਨੂੰ ਬਦਲਣ ਵਾਸਤੇ ਹੈਰਾਨ ਕਰਨ ਵਾਲੇ ਬਦਲਾਵਾਂ ਦੀ ਲੋੜ ਸੀ। ਇਨ੍ਹਾਂ ਯਹੂਦੀਆਂ ਲਈ ਨਾ ਮੰਨਣ ਵਾਲੇ ਬਦਲਾਵਾਂ ਵਿੱਚੋਂ ਸਭ ਤੋਂ ਵੱਡਾ ਬਦਲਾਅ ਘਿਣਾਉਣੀ ਗੈਰਕੌਮਾਂ ਨੂੰ ਹਰ ਤਰਾਂ ਨਾਲ ਬਰਾਬਰ ਮੰਨਣਾ ਸੀ।

ਇਨ੍ਹਾਂ ਬਦਲਾਵਾਂ ਦੇ ਔਖਾ ਹੋਣ ਦਾ ਮੁੱਖ ਕਾਰਣ ਇਹ ਸੀ ਕਿ ਯਹੂਦੀ ਲੋਕ ਸ਼ਰ੍ਹਾ ਦੀ ਦੁਰਵਰਤੋਂ ਕਰਦੇ ਸਨ। ਖ਼ੁਦਾ ਨੇ ਸ਼ਰ੍ਹਾ ਯਹੂਦੀਆਂ ਦੀ ਸੱਖ਼ਤ, ਸ਼ਰ੍ਹਾ ਪ੍ਰਸਤ ਹੋਣ ਜਾਂ ਜ਼ਾਤੀ ਤੌਰ ਤੇ ਮੁਤੱਅਸਬੀ ਹੋਣ ਜਾਂ ਆਪਣੀਆਂ ਨਜ਼ਰਾਂ ’ਚ ਧਰਮੀ ਹੋਣ ਲਈ ਨਹੀਂ ਦਿੱਤੀ ਸੀ। ਪਰ ਯਿਸੂ ਵੱਲੋਂ ਆਪਣੀ ਸੇਵਕਾਈ ਦੌਰਾਨ ਕਪਟੀ, ਆਪਣੀ ਨਜ਼ਰ ’ਚ ਧਰਮੀ ਯਹੂਦੀਆਂ ਦੀ ਝਾੜ ਕਰਨ ਨਾਲ ਉਨ੍ਹਾਂ ਦੇ ਵਿਹਾਰ ਵਿਚ ਉਹਲਾ ਨਹੀਂ ਰਿਹਾ। ਮੱਤੀ 23 ਵਿਚ ਹੀ ਯਿਸੂ ਨੇ ਗ੍ਰੰਥੀਆਂ ਅਤੇ ਫ਼ਰੀਸੀਆਂ ਦਾ ਹਾਲ ਦੱਸਣ ਲਈ ਸੱਤ ਵਾਰ ‘‘ਹਾਇ’’ ਸ਼ਬਦ ਵਰਤਿਆ। ‘‘ਹਾਇ’’ ਆਖ਼ਦਿਆਂ, ਉਹਨੇ ਇਕ ਵਾਰ ਦੇ ਇਲਾਵਾ ਹਰ ਵਾਰ ਉਨ੍ਹਾਂ ਨੂੰ ਕਪਟੀ ਆਖਿਆ, ਪਰ ਇਸ ਵਾਰ ਉਹਨੇ ਉਨ੍ਹਾਂ ਨੂੰ ਅੰਨ੍ਹੇ ਆਗੂ ਕਿਹਾ (ਆਇਤ 16)।

ਇਹ ਧਾਰਮਿਕ ਆਗੂ ਇਹ ਸੋਚ ਕੇ ਸ਼ਰ੍ਹਾ ਦਾ ਉਲੰਘਣ ਕਰਦੇ ਸਨ ਕਿ ਉਹ ਸ਼ਰ੍ਹਾ ਦਾ ਪਾਲਣ ਕਰਕੇ ਖ਼ੁਦਾ ਦੀ ਨਜ਼ਰ ’ਚ ਧਰਮੀ ਠਹਿਰ ਸਕਦੇ ਹਨ। ਪੌਲੁਸ ਨੇ ਦੁਖੀ ਮਨ ਨਾਲ ਵਿਲਾਪ ਕੀਤਾ (ਆਇਤ 16)। ਉਹਨੇ ਉਨ੍ਹਾਂ ਦੀ ਤਾਰੀਫ ਤਾਂ ਕੀਤੀ ਪਰ ਉਹਨੇ ਸ਼ਰ੍ਹਾ ਦੀ ਪਾਲਣਾ ਕਰਕੇ ਆਪਣੀ ਹੀ ਧਾਰਮਿਕਤਾ ਕਾਇਮ ਰੱਖਣ ਤੀ ਖ਼ਾਹਿਸ਼ ਲਈ ਯਹੂਦੀ ਆਗੂਆਂ ਨੂੰ ਝਿੜਕਿਆ (ਰੋਮੀਆਂ 10: 1-4)। ਗ਼ਲਤ ਵਿਚਾਰ ਪਾਲ ਕੇ, ਯਹੂਦੀ ਲੋਕ ਇਹ ਮੰਨਣ ਲਗ ਪਏ ਸਨ ਕਿ ਮਸੀਹ ਸਿਰਫ਼ ਉਨ੍ਹਾਂ ਦੇ ਭਲੇ ਵਾਸਤੇ ਹੀ ਸੀ। ਉਨ੍ਹਾਂ ਦਾ ਖਿਆਲ ਸੀ ਕਿ ਸਿਰਫ਼ ਅਬਰਾਹਮ ਦੀ ਸੰਤਾਨ ਨੂੰ ਮੁਕਤੀ ਮਿਲੇਗੀ ਅਤੇ ਗੈਰਕੌਮਾਂ ਨੂੰ ਕਦੇ ਵੀ ਖ਼ੁਦਾ ਦਾ ਫ਼ਜ਼ਲ ਪਾਉਣ ਦਾ ਮੌਕਾ ਨਹੀਂ ਮਿਲੇਗਾ। ਉਨ੍ਹਾਂ ਦਾ ਮੰਨਣਾ ਸੀ ਕਿ ਗ਼ੈਰ ਕੌਮਾਂ ਦੇ ਲੋਕ ਕੁੱਤਿਆਂ ਨਾਲੋ ਵਧਕੇ ਨਹੀਂ ਹਨ।

ਇਸ ਤਲਖ, ਤਰਕਹੀਨ ਕੌਮੀਅਤ ਨੇ ਪਹਿਲੀ ਸਦੀ ਦੇ ਯਹੂਦੀਆਂ ਨੂੰ ਆਤਮ-ਸੰਤੁਸ਼ਟ, ਅਪਣੀ ਨਜ਼ਰ ’ਚ ਧਰਮੀ ਹੋਣ ਅਤੇ ਉਸ ਸੌੜੀ ਸੋਚ ਦੀ ਦਲਦਲ ਵਿਚ ਫਸਾ ਦਿੱਤਾ ਸੀ, ਜਿਹਦੀ ਤੁਲਨਾ ਸ਼ਾਇਦ ਹੀ ਇਤਿਹਾਸ ਵਿਚ ਕਿਤੇ ਮਿਲਦੀ ਹੋਵੇ। ਰਸੂਲਾਂ ਦੇ ਕੰਮ ਦੀ ਪੂਰੀ ਕਿਤਾਬ ਵਿਚ ਇਹ ਮੁਸ਼ਕਿਲ ਬਾਰ-ਬਾਰ ਬੋਲਣ ਤੇ ਮੂੰਹ ਵਿੱਚੋਂ ਲਾਰ ਡਿੱਗਣ ਵਾਂਗ ਮਿਲਦੀ

ਹੀ ਰਹਿੰਦੀ ਹੈ।

ਰਸੂਲ ਵੀ ਸੌੜੀ ਸੋਚ ਦੀ ਮੁਸ਼ਕਿਲ ਦੇ ਰੂਹਾਨੀ ਅੰਨ੍ਹੇਪਣ ਨਾਲ ਪੀੜਤ ਸਨ। ਰਸੂਲ ਭਾਵੇਂ ਆਮ ਤੌਰ 'ਤੇ ਉਨ੍ਹਾਂ ਨੂੰ ਗ਼ਲਤ ਸਮਝਦੇ ਸਨ, ਪਰ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੇ ਵਾਕਾਂ ਵਿਚ ਗ਼ੈਰ ਕੌਮਾਂ ਨੂੰ ਮੁਕਤੀ ਦੀ ਯੋਜਨਾ ਵਿਚ ਸ਼ਰੀਕ ਕੀਤਾ ਜਾਂਦਾ ਸੀ। ਜਦ ਯਿਸੂ ਨੇ ਉਨ੍ਹਾਂ ਨੂੰ ''ਸਾਰੇ ਜਗਤ ਵਿਚ ਜਾ ਕੇ ਸਾਰੀ ਸ੍ਰਿਸ਼ਟੀ ਦੇ ਲੋਕਾਂ ਨੂੰ ਖ਼ੁਸ਼ਖ਼ਬਰੀ'' ਸੁਣਾਉਣ ਲਈ ਆਖਿਆ (ਮਰਕੁਸ 16:15), ਤਾਂ ਉਨ੍ਹਾਂ ਨੂੰ ਲੱਗਾ ਸੀ ਕਿ ਉਹਨੇ ''ਸਾਰੀ ਸ੍ਰਿਸ਼ਟੀ ਦੇ ਸਭ ਯਹੂਦੀ ਲੋਕਾਂ ਨੂੰ ਖ਼ੁਸ਼ਖ਼ਬਰੀ'' ਸੁਣਾਓਣ ਲਈ ਕਿਹਾ ਹੈ। ਜਦ ਯਿਸੂ ਨੇ ਉਨ੍ਹਾਂ ਨੂੰ ''ਜਾ ਕੇ ਸਭ ਕੌਮਾਂ ਦੇ ਲੋਕਾਂ ਨੂੰ ਚੇਲੇ'' ਬਣਾਉਣ ਲਈ ਆਖਿਆ (ਮਤੀ 28:19), ਤਾਂ ਰਸੂਲਾਂ ਨੂੰ ਲੱਗਾ ਸੀ ਕਿ ਉਹਦੇ ਕਹਿਣ ਤੋਂ ਭਾਵ ''ਜਾ ਕੇ ਸਭ ਕੌਮਾਂ 'ਚੋਂ ਯਹੂਦੀਆਂ ਨੂੰ ਚੇਲੇ'' ਬਣਾਉਣਾ ਹੈ। ਪੈਂਟੀਕਾਸਟ ਵਾਲੇ ਦਿਨ, ਪਤਰਸ ਨੇ ਪ੍ਰਚਾਰ ਕੀਤਾ ਕਿ ਇਹ ਵਾਅਦਾ ਉਸ ਦਿਨ ਉੱਥੇ ਮੌਜੂਦ ਲੋਕਾਂ ਵਾਸਤੇ ਹੀ ਨਹੀਂ ਸਗੋਂ ''ਉਨ੍ਹਾਂ ਸਭਨਾਂ ਨਾਲ ਜਿਹੜੇ ਦੂਰ ਹਨ ਜਿੰਨਿਆਂ ਨੂੰ ਪ੍ਰਭੂ ਸਾਡਾ ਪ੍ਰਮੇਸ਼ਵਰ ਆਪਣੇ ਕੋਲ ਬੁਲਾਵੇ'' (ਰਸੂਲਾਂ ਦੇ ਕੰਮ 2:39)। ਸ਼ਾਇਦ ਪਤਰਸ ਵੱਲੋਂ ਇਸ ਗੱਲ ਦਾ ਪ੍ਰਚਾਰ ਕਰਨ ਅਤੇ ਹੋਰ ਰਸੂਲਾਂ ਵੱਲੋਂ ਇਸ ਨੂੰ ਸੁਣਨ ਅਤੇ ਇਸ ਸੁਨੇਹੇ ਦਾ ਪ੍ਰਚਾਰ ਕਰਨ ਵਿਚ, ਉਨ੍ਹਾਂ ਦੇ ਖਿਆਲ 'ਚ ਇਨ੍ਹਾਂ ਤੋਂ ਭਾਵ ਦੂਰ-ਦੁਰਾਡੇ ਤਕ ਰਹਿਣ ਵਾਲੇ ਹਰ *ਯਹੂਦੀ* ਲਈ ਸੀ। ਇਸ ਲਈ ਰਸੂਲਾਂ ਦੇ ਕੰਮ 2 ਅਧਿਆਇ ਵਿਚ ਪੈਂਟੀਕਾਸਟ ਦੇ ਦਿਨ ਤੋਂ ਬਾਅਦ ਰਸੂਲਾਂ ਨੇ ਕਿਸੇ ਵੀ ਗ਼ੈਰ ਕੌਮ ਨੂੰ ਖ਼ੁਸਖ਼ਬਰੀ ਦਾ ਫ਼ਜਲ ਦੇਣ ਦੀ ਗੱਲ ਨਹੀਂ ਕੀਤੀ!

ਪਤਰਸ ਨੇ ਸੁਲੇਮਾਨ ਦੇ ਦਲਾਨ ਵਿਚ ਪ੍ਰਚਾਰ ਕੀਤਾ ਕਿ ਜੋ ਨੇਮ ਅਤੇ ਵਾਅਦੇ ਅਬਰਾਹਾਮ ਨੂੰ ਦਿੱਤੇ ਗਏ ਸਨ, ਉਨ੍ਹਾਂ ਵਿਚ ''ਧਰਤੀ ਦੇ ਸਾਰੇ ਘਰਾਣੇ ਬਰਕਤ ਪਾਉਣਗੇ'' (ਰਸੂਲਾਂ ਦੇ ਕੰਮ 3:25)। ਸ਼ਾਇਦ ਬੰਦ ਦਿਮਾਗ਼ ਵਾਲੇ ਯਹੂਦੀਆਂ ਨੇ ਇਹਦਾ ਮਤਲਬ ਬਿਨਾਂ ਕਿਸੇ ਕੌਮੀ ਮਤਭੇਦ ਦੇ ਧਰਤੀ ਦੇ ਸਾਰੇ ਘਰਾਣਿਆਂ ਨੂੰ ਸ਼ਾਮਿਲ ਕਰਨਾ ਸੀ।

ਤਰਸੁਸ ਦੇ ਸੌਲੁਸ ਦੀ ਮਨਬਦਲੀ ਵੇਲੇ ਹਨਨੀਆਹ ਨੂੰ ਜਿਹਨੇ ਉਹਨੂੰ ਬਪਤਿਸਮਾ ਦਿੱਤਾ ਸੀ, ਦੱਸਿਆ ਗਿਆ ਕਿ ਸੌਲੁਸ ''ਪਰਾਈਆਂ ਕੌਮਾਂ ... ਅੱਗੇ ਮੇਰਾ ਨਾਮ'' ਪਹੁੰਚਾਵੇਗਾ (ਰਸੂਲਾਂ ਦੇ ਕੰਮ 9:15)। ਸੌਲੁਸ ਦੀ ਮਨਬਦਲੀ ਕਲੀਸੀਆ ਦੇ ਕਾਇਮ ਹੋਣ ਦੇ ਕਈ ਸਾਲਾਂ ਬਾਅਦ ਹੋਈ, ਇਸ ਕਰਕੇ ਲਗਦਾ ਹੈ, ਜਿਵੇਂ ਹਨਨੀਆਹ ਨੇ ਖ਼ੁਦਾ ਦੀ ਗੱਲ ਦੂਜਿਆਂ ਨੂੰ ਦੱਸੀ ਹੋਵੇ। ਇਹ ਪਰੇਸ਼ਾਨ ਕਰਨ ਵਾਲੀ ਗੱਲ ਹੈ ਕਿ ਰਸੂਲਾਂ ਅਤੇ ਯਹੂਦੀਆਂ ਨੇ ਇਸ ਅਹਿਮ ਗੱਲ ਨੂੰ ਐਨੀ ਦੇਰ ਨਜ਼ਰਅੰਦਾਜ਼ ਕੀਤਾ। ਗ਼ੈਰ ਕੌਮਾਂ ਵਿਚ ਇੰਜੀਲ ਨੂੰ ਪਹੁੰਚਾਉਣ ਲਈ ਰਸੂਲਾਂ ਨੂੰ ਕਈ ਵਾਧੂ ਮੋਜਜ਼ਿਆਂ ਅਤੇ ਕਈ ਸਾਲਾਂ ਦੇ ਸਮੇਂ ਦੀ ਲੋੜ ਸੀ। ਅਖ਼ੀਰ ਜਦ ਪਤਰਸ ਕੁਰਨੇਲੀਉਸ ਨਾਂਅ ਦੇ ਇਕ ਰੋਮੀ ਸੂਬੇਦਾਰ ਦੇ ਘਰ ਜਾਣਾ ਮੰਨ ਗਿਆ, ਤਾਂ ਇਕ ਗ਼ੈਰ ਕੌਮ ਦੀ ਪਹਿਲੀ ਮਨਬਦਲੀ ਨੂੰ ਪੂਰਾ ਕਰਨ ਲਈ ਵਾਧੂ ਮੁਕਾਸ਼ਫ਼ੇ ਅਤੇ ਮੋਅਜਜ਼ਿਆਂ ਦੀ ਲੋੜ ਪਈ (ਰਸੂਲਾਂ ਦੇ ਕੰਮ 10)। ਤਾਂ ਵੀ, ਪਤਰਸ ਨੂੰ ਉਹਦੇ ਆਪਣੇ ਹੀ ਭਾਈਆਂ ਵੱਲੋਂ ਉਸ ਕੌਮੀ ਮੁਤੱਅਸਬ ਨਾਲ ਅਲੋਚਨਾ ਕੀਤੀ ਗਈ ਅਤੇ ਉਹਨੂੰ ਅਪਣੇ ਕੀਤੇ ਕੰਮਾਂ ਦਾ ਜਵਾਬ ਦੇਣ ਲਈ ਸੱਦਿਆ ਗਿਆ ਅਤੇ ਪਰੇਸ਼ਾਨ ਕੀਤਾ ਗਿਆ (11:1-18)। ਇਸ ਮੁਸ਼ਕਿਲ ਬਾਰੇ ਖ਼ੁਦਾ ਦੀ ਸੱਚਾਈ ਦੱਸਣਾ ਰਸੂਲਾਂ ਦੇ ਕੰਮ ਕਿਤਾਬ ਦੇ ਅਧਿਐਨ ਵਿਚ ਸ਼ਾਮਿਲ ਹੈ।

# ਇਕ ਵਿਸ਼ਵਵਿਆਪੀ ਵਿਹਾਰ

## ਸਮਾਂ ਲੱਗਾ

ਆਮ ਕੈਲੰਡਰ ਦੇ ਮੁਤਾਬਕ ਰਸੂਲਾਂ ਦੇ ਕੰਮ 2 ਅਧਿਆਇ ਵਾਲੇ ਪੈਂਟੀਕਾਸਟ ਦੇ ਦਿਨ ਵਾਲੀਆਂ ਘਟਨਾਵਾਂ 33 ਈਸਵੀ ਵਿਚ ਵਾਪਰੀਆਂ। ਜ਼ਿਆਦਾਤਰ ਵਿਦਵਾਨ ਕੁਰਨੇਲੀਉਸ ਦੀ ਮਨਬਦਲੀ (ਰਸੂਲਾਂ ਦੇ ਕੰਮ 10) ਨੂੰ 38-40 ਈਸਵੀ ਦੇ ਨੇੜੇ-ਤੇੜੇ ਮੰਨਦੇ ਹਨ। ਗੈਰਕੌਮਾਂ ਅਤੇ ਸੁੰਨਤ ਬਾਰੇ ਉਲਝਣਾਂ ਅਤੇ ਸਵਾਲ ਯਰੂਸ਼ਲਮ ਵਿਚ ਹੋਣ ਵਾਲੀਆਂ ਖ਼ਾਸ ਸਭਾਵਾਂ ਦੇ ਹੋਣ ਤਕ ਹੱਲ ਨਹੀਂ ਹੋਏ ਸਨ (ਰਸੂਲਾਂ ਦੇ ਕੰਮ 15)। ਜਿਨ੍ਹਾਂ ਨੂੰ ਵਿਦਵਾਨ ਲੋਕ 51 ਈਸਵੀ ਵਿਚ ਹੋਇਆ ਮੰਨਦੇ ਹਨ।

ਫਿਰ ਤਾਂ ਮਸੀਹੀ ਲੋਕਾਂ ਵਿਚ ਵੀ ਕੌਮੀ ਝਗੜਿਆਂ ਨੂੰ ਨਿਪਟਾਉਣ ਲਈ ਵੀਹ ਕੁ ਸਾਲ ਭਾਵ ਦੋ ਦਹਾਕੇ ਲੱਗ ਗਏ। ਰਸੂਲਾਂ ਨੂੰ ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਦਿੱਤੇ ਜਾਣ ਵੇਲੇ ਵੀ ਅਜਿਹਾ ਹੋਣਾ ਅਜੀਬ ਲਗਦਾ ਹੈ। ਜ਼ਰੂਰੀ ਨਹੀਂ ਹੈ ਕਿ ਖ਼ੁਦਾ ਦੇ ਆਤਮਾ ਦੀ ਪ੍ਰੇਰਣਾ ਦਾ ਮਤਲਬ ਇਹੀ ਹੋਵੇ ਕਿ ਉਨ੍ਹਾਂ ਦੇ ਪਿਛਲੇ ਵਿਹਾਰ ਬਦਲ ਜਾਣ। ਖ਼ੁਦਾ ਦੀਆਂ ਸੱਚਾਈਆਂ ਨੂੰ ਸਮਝ ਕੇ ਰਸੂਲ ਹੋਲੀ ਹੌਲੀ ਹੀ ਵਿਹਾਰਾਂ ਅਤੇ ਫ਼ੈਸਲਿਆਂ ਨੂੰ ਸੁਧਾਰ ਸਕੇ ਸਨ।

## ਬਦਲਾਅ ਹੋਇਆ

ਰਸੂਲਾਂ ਦੇ ਕੰਮ ਕਿਤਾਬ ਦੇ ਚਾਰ ਵਿਲੱਖਣ ਵਿਹਾਰ ਹਨ। ਪਹਿਲਾ, ਅਰੰਭਿਕ ਮਸੀਹੀ ਲੋਕਾਂ ਦਾ ਜੋ ਵਿਹਾਰ ਸੀ ਉਹ ਇਵੇਂ ਆਪਣੇ-ਆਪਣੀ ਵਿਖਾਈ ਦੇ ਸਕਦਾ ਹੈ: ''ਭਲਾ ਇਬਰਾਨੀ ਹੋਣਾ ਅਤੇ ਮਸੀਹ ਦੇ ਤੌਰ 'ਤੇ ਸਾਡੇ ਕੋਲ ਯਿਸੂ ਦਾ ਹੋਣਾ ਵੱਡੀ ਗੱਲ ਨਹੀਂ ਹੈ?'' (ਇਹ ਵਿਹਾਰ ਰਸੂਲਾਂ ਦੇ ਕੰਮ 1 ਤੋਂ 7 ਅਧਿਆਇ ਵਿਚ ਮਿਲਦਾ ਹੈ।)

ਦੂਜਾ, ਮਨ 'ਚ ਮੈਲ ਭਰਿਆ ਵਾਧੂ ਵਿਹਾਰ ਵਿਖਾਇਆ ਗਿਆ ਸੀ: ''ਅਸੀਂ ਸਾਮਰੀਆ ਵਿਚ ਯਹੂਦੀ ਮੁਰੀਦਾਂ ਵਿਚ ਪ੍ਰਚਾਰ ਕਰਨ ਦੀ ਗੱਲ ਮੰਨ ਲਵਾਂਗੇ, ਪਰ ਇਹਦੇ ਨਾਲ ਅਸੀਂ ਬਹੁਤਾ ਰੋਮਾਂਚਿਤ ਨਹੀਂ ਹੋਵਾਂਗੇ।'' (ਇਹ ਰਸੂਲਾਂ ਦੇ ਕੰਮ 8 ਵਿਚ ਮਿਲਦਾ ਹੈ।)

ਤੀਜਾ ਵਿਹਾਰ ਵੀ ਮਿਲ ਸਕਦਾ ਹੈ ਜੋ ਬਹੁਤ ਹੀ ਰੂੜੀਵਾਦੀ ਸੀ: ''ਪਤਰਸ, ਗ਼ੈਰ ਕੌਮ ਲੋਕਾਂ ਨੂੰ ਬਪਤਿਸਮਾ ਦੇਣ ਦਾ ਤੇਰਾ ਕੀ ਮਤਲਬ ਹੈ? ਖ਼ੁਦਾ ਚਾਹੇ ਤਾਂ ਉਹਨੂੰ ਅਤੇ ਉਹਦੇ ਪਰਿਵਾਰ ਨੂੰ ਤਾਂ ਕਬੂਲ ਕੀਤਾ ਜਾ ਸਕਦਾ ਹੈ, ਪਰ ਇਹਦੇ ਲਈ ਉਨ੍ਹਾਂ ਦੀ ਸੁੰਨਤ ਹੋਣੀ ਜ਼ਰੂਰੀ ਹੈ।'' (ਇਹ ਰਸੂਲਾਂ ਦੇ ਕੰਮ 10 ਤੋਂ 14 ਅਧਿਆਇ ਵਿਚ ਮਿਲਦਾ ਹੈ।)

ਅਖ਼ੀਰ 'ਚ ਚੌਥੇ ਵਿਹਾਰ ਨੂੰ ਜੋ ਸਹੀ ਅਤੇ ਢੁਕਵਾਂ ਸੀ; ਸਮਝਿਆ ਅਤੇ ਮੰਨਿਆ ਗਿਆ: ''ਹੁਣ ਸਾਨੂੰ ਸਮਝ ਆ ਗਈ ਹੈ ਕਿ ਮਸੀਹ ਹਰ ਕਿਸੇ ਲਈ ਮਰਿਆ ਅਤੇ ਅਸੀਂ ਸਭ ਲੋਕਾਂ ਨੂੰ ਖ਼ੁਸ਼ਖ਼ਬਰੀ ਸੁਣਾਵਾਂਗੇ।'' (ਇਹ ਵਿਹਾਰ ਰਸੂਲਾਂ ਦੇ ਕੰਮ 15 ਤੋਂ 28 ਵਿਚ ਵਿਖਾਇਆ ਗਿਆ ਹੈ।) ਸਿਰਫ਼ ਇਸ ਆਖ਼ਰੀ ਵਿਹਾਰ ਦੇ ਆਉਣ ਨਾਲ ਹੀ ਇੰਜੀਲ ਵਿਸ਼ਵ ਵਿਆਪੀ ਤੌਰ 'ਤੇ ਫੈਲੀ।

# ਵਿਸ਼ਵ ਵਿਆਪੀ ਪ੍ਰਚਾਰ

ਕੁਰਨੇਲੀਉਸ ਦੀ ਘਟਨਾ ਵਿਚ ਇਕ ਨਾਟਕੀ ਮੋੜ ਆਉਣ ਤੋਂ ਪਹਿਲਾਂ ਰਸੂਲ ਯਹੂਦੀਆ ਅਤੇ ਯਹੂਦੀ ਮੁਰੀਦਾਂ ਵਿਚ ਪ੍ਰਚਾਰ ਕਰਨ ਦੇ ਇਲਾਵਾ ਕਿਸੇ ਹੋਰ ਨੂੰ ਵਚਨ ਨਹੀਂ ਸੁਣਾਉਂਦੇ ਸਨ (ਰਸੂਲਾਂ ਦੇ ਕੰਮ 10:1-4)। ਰੋਮੀ ਹਕੂਮਤ ਵਿਚ ਉਹ ਇਕ ਸਿਪਾਹੀ ਦੇ ਹੋਣ ਕਰਕੇ ਖ਼ਾਸ ਆਦਮੀ ਸੀ। ਉਹ ਸ਼ਰਧਾਲੂ, ਖ਼ੁਦਾ ਦਾ ਖੌਫ਼ ਰੱਖਣ ਵਾਲਾ, ਰਹਿਮਦਿਲ ਅਤੇ ਦੁਆ 'ਚ ਯਕੀਨ ਰੱਖਣ ਵਾਲਾ ਬੰਦਾ ਸੀ। ਫਿਰ ਉਹ ਦੇ ਨੌਕਰਾਂ ਨੇ ਵੀ ਗਵਾਹੀ ਦਿੱਤੀ ਕਿ ਉਹ ਧਰਮੀ, ਖ਼ੁਦਾ ਦਾ ਖੌਫ਼ ਰੱਖਣ ਵਾਲਾ ਅਤੇ ਯਹੂਦੀ ਕੌਮ ਵਿਚ ਨੇਕਨਾਮ ਸੀ (ਆਇਤ 22) । ਸਾਫ਼ ਹੈ ਕਿ ਖ਼ੁਦਾ ਨਾਲ ਉਹ ਦਾ ਕੋਈ ਨਾ ਕੋਈ ਤਾਂ ਸਬੰਧ ਸੀ, ਪਰ ਉਹ ਮਸੀਹੀ ਨਹੀਂ ਸੀ।

ਜਿਵੇਂ ਕਿ ਰਸੂਲਾਂ ਦੇ ਕੰਮ 10 ਵਿਚ ਮਿਲਦਾ ਹੈ, ਕੁਰਨੇਲੀਉਸ ਦੀ ਘਟਨਾ ਵਿਚ ਚਾਰ ਮੋਅਜਜ਼ੇ ਹੋਏ। ਪਹਿਲਾ ਇਹ ਕਿ ਫ਼ਰਿਸ਼ਤੇ ਨੇ ਕੁਰਨੇਲੀਉਸ ਨੂੰ ਦਰਸ਼ਣ ਦੇ ਕੇ ਇੰਜੀਲ ਦੇ ਪ੍ਰਚਾਰਕ (ਇਵੈਂਲਜਲਿਸਟ) ਪਤਰਸ ਨੂੰ ਸੱਦਣ ਦੀ ਹਦਾਇਤ ਕੀਤੀ (ਰਸੂਲਾਂ ਦੇ ਕੰਮ 10:3-7)। ਅੰਤਰਧਿਆਨ ਹੋਏ ਪਤਰਸ ਨੇ ਇਕ ਚਾਦਰ ਵਿਚ ਬਹੁਤ ਸਾਰੇ ਜੀਵ-ਜੰਤੂਆਂ ਨੂੰ ਅਸਮਾਨ ਤੋਂ ਹੇਠਾਂ ਆਉਂਦੇ ਵੇਖਣ ਦਾ ਦਰਸ਼ਣ ਵੇਖਿਆ (ਆਇਤਾਂ 9-16)। ਤਿੰਨੇ ਵਾਰ ਇਹ ਚਾਦਰ ਹੇਠਾਂ ਕੀਤੀ ਗਈ, ਪਤਰਸ ਨੂੰ ਦੱਸਿਆ ਗਿਆ ਦਿ ਉਨ੍ਹਾਂ 'ਚੋਂ ਕੁਝ ਜਾਨਵਰਾਂ ਨੂੰ ਮਾਰ ਕੇ ਖਾ ਲਵੇ। ਉਨ੍ਹਾਂ ਵਿੱਚੋਂ ਕੁਝ ਅਜਿਹੇ ਜੰਤੂ ਸਨ ਜਿਨ੍ਹਾਂ ਨੂੰ ਮੂਸਾ ਨੇ ਅਸ਼ੁੱਧ ਠਹਿਰਾਇਆ ਸੀ, ਜਿਸ ਕਰਕੇ ਪਤਰਸ ਨੇ ਉਨ੍ਹਾਂ ਨੂੰ ਮਾਰ ਕੇ ਖਾਣ ਤੋਂ ਇਨਕਾਰ ਕਰ ਦਿੱਤਾ ਸੀ। ਤੀਜਾ ਮੋਅਜਜ਼ਾ ਉਦੋਂ ਹੋਇਆ ਜਦ ਕੁਰਨੇਲੀਉਸ ਦੇ ਸੇਵਕ ਪਤਰਸ ਨੂੰ ਲੱਭਦੇ ਹੋਏ ਆਏ ਆਏ ਅਤੇ ਪਵਿੱਤਰ ਆਤਮਾ ਨੂੰ ਪਤਰਸ ਨੂੰ ਉਨ੍ਹਾਂ ਤੇ ਨਾਲ ਜਾਣ ਦੀ ਹਦਾਇਤ ਕੀਤੀ (ਆਇਤਾਂ 17-20)। ਇਕ ਚੌਥੇ ਮੋਅਜਜ਼ੇ ਵਿਚ ਪਵਿੱਤਰ ਆਤਮਾ ਨੇ ਕੁਰਨੇਲੀਉਸ ਅਤੇ ਉਹਦੇ ਘਰਾਣੇ 'ਤੇ ਆ ਕੇ ਉਨਾਂ ਨੂੰ ਬੋਲੀਆਂ ਬੋਲ ਕੇ ਖ਼ੁਦਾ ਦੀ ਵਡਿਆਈ ਕਰਨ ਦੇ ਯੋਗ ਬਣਾਇਆ (ਆਇਤਾਂ 44-46)।

ਇਨ੍ਹਾਂ ਮੋਅਜਜ਼ਿਆਂ ਵਿੱਚੋਂ ਕਿਸੇ ਨਾਲ ਵੀ ਕੁਰਨੇਲੀਉਸ ਅਤੇ ਉਹਦੇ ਘਰਾਣੇ ਦੇ ਪਾਪ ਮਾਫ਼ ਨਹੀਂ ਹੋਏ। ਇਨ੍ਹਾਂ ਮੋਅਜਜ਼ਿਆਂ ਵਿੱਚੋਂ ਕਿਸੇ ਨਾਲ ਵੀ ਉਨ੍ਹਾਂ ਵਿੱਚੋਂ ਕਿਸੇ ਦਾ ਨਵਾਂ ਜਨਮ ਨਹੀਂ ਹੋਇਆ। ਧਿਆਨ ਨਾਲ ਵੇਖੋ ਕਿ ਇਨ੍ਹਾਂ ਮੋਅਜਜ਼ਿਆਂ ਨੇ ਕੀ ਕੰਮ ਕੀਤਾ। ਪਹਿਲਾ, ਕੁਰਨੇਲੀਉਸ ਨੂੰ ਫ਼ਰਿਸ਼ਤੇ ਦਾ ਦਰਸ਼ਣ ਹੋਣ ਕਰਕੇ ਉਹਨੇ ਇੰਜੀਲ ਦੇ ਪ੍ਰਚਾਰਕ ਨੂੰ ਸੱਦਿਆ। ਕੁਰਨੇਲੀਉਸ ਨੇ ਪਤਰਸ ਨੂੰ ਦੱਸਿਆ ਕਿ ਉਹ ਅਤੇ ਉਹਦਾ ਘਰਾਣਾ ਉਸ ਤੋਂ ਖ਼ੁਦਾ ਦਾ ਵਚਨ ਸੁਣਨ ਲਈ ਤਿਆਰ ਹਨ (ਆਇਤ 33)। ਬਾਅਦ ਵਿਚ ਜਦ ਪਤਰਸ ਇਤਰਾਜ਼ ਜਤਾਉਣ ਵਾਲੇ ਭਾਈਆਂ ਦੇ ਸਾਹਮਣੇ ਆਪਣੇ ਕੰਮਾਂ ਦੀ ਸਫ਼ਾਈ ਦੇ ਰਿਹਾ ਸੀ, ਤਾਂ ਉਹਨੇ ਇਸ ਤਰ੍ਹਾਂ ਜੋੜਿਆ ਕਿ ਕੁਰਨੇਲੀਉਸ ਨੂੰ ਇਕ ਆਦਮੀ ਨੂੰ ਸੱਦਣ ਲਈ ਆਖਿਆ ਗਿਆ ਜੋ ਉਹਨੂੰ ਅਜਿਹੀਆਂ ਗੱਲਾਂ ਦੱਸੇ ਜਿਨ੍ਹਾਂ ਨਾਲ ਉਹ ਬਚਾਇਆ ਜਾਵੇਗਾ (ਰਸੂਲਾਂ ਦੇ ਕੰਮ 11:13, 14)। ਤੁਹਾਨੂੰ ਇਹ ਨਿਚੋੜ ਕੱਢਣਾ ਹੀ ਪਵੇਗਾ ਕਿ ਕੁਰਨੇਲੀਉਸ ਅਜੇ ਤਕ ਬਚਾਇਆ ਨਹੀਂ ਗਿਆ ਸੀ ਅਤੇ ਉਹਨੂੰ ਪਤਾ ਸੀ ਕਿ ਉਹ ਇਕ ਪ੍ਰਚਾਰਕ ਨੂੰ ਸੱਦ ਰਿਹਾ ਹੈ ਜੋ ਖ਼ੁਦਾ ਦੀ ਮਰਜ਼ੀ ਨੂੰ ਜਾਣਦਾ ਹੈ। ਪਤਰਸ ਕੋਲ ਜੀਵ-ਜੰਤੂਆਂ ਨਾਲ ਭਰੀ ਚਾਦਰ ਤਿੰਨ ਵਾਰ ਆਉਣ ਨਾਲ ਕੁਰਨੇਲੀਉਸ ਬਚਾਇਆ ਨਹੀਂ ਗਿਆ ਸੀ, ਜਿਸ ਨਾਲ ਪ੍ਰਚਾਰਕ ਨੂੰ ਇਹ ਸਮਝਾਉਣ ਵਿਚ ਮਦਦ ਮਿਲੀ ਕਿ ਉਹ ਕੁਰਨੇਲੀਉਸ ਦੇ ਸੇਵਕਾਂ ਨਾਲ ਜਾਵੇ। ਸਗੋਂ ਇਸ ਨਾਲ ਪਤਰਸ ਅਤੇ ਉਨ੍ਹਾਂ ਛੇ ਭਾਈਆ ਨੂੰ ਯਕੀਨ ਹੋ ਗਿਆ ਕਿ ਗ਼ੈਰ ਕੌਮਾ ਵਿਚ ਇੰਜੀਲ ਸੁਣਾਉਣਾ ਸਹੀ ਅਤੇ

ਜਾਇਜ਼ ਸੀ।

ਕੁਰਨੇਲੀਉਸ ਦੇ ਹੋਰ ਬੋਲੀਆਂ ਬੋਲਣ ਬਾਰੇ ਕਈ ਤੱਥਾਂ 'ਤੇ ਧਿਆਨ ਦੇਣਾ ਜ਼ਰੂਰੀ ਹੈ। ਪਵਿੱਤਰ ਆਤਮਾ ਉਹਦੇ ਘਰਾਣੇ ਤੇ ਯਿਸੂ ਨੂੰ ਉਨ੍ਹਾਂ ਦੇ ਜਾਣਨ ਤੋਂ ਪਹਿਲਾਂ ਉੱਤਰਿਆ। ਪਤਰਸ ਨੇ ਦੱਸਿਆ ਕਿ ''ਜਦ ਮੈਂ ਗੱਲਾਂ ਕਰਨ ਲੱਗਾ ਤਾਂ ਪਵਿੱਤਰ ਆਤਮਾ ਉਨ੍ਹਾਂ ਤੇ ਉੱਤਰਿਆ (ਰਸੂਲਾਂ ਦੇ ਕੰਮ 11:15) ਜਿਸ ਕਰਕੇ ਇਹ ਉਨ੍ਹਾ ਨੂੰ ਯਿਸੂ ਬਾਰੇ ਦੱਸਣ ਤੋਂ ਪਹਿਲਾਂ ਹੋਇਆ। ਫਿਰ ਉਹ ਗੱਲਾਂ ਦੱਸੀਆਂ ਗਈਆਂ ਜਿਨ੍ਹਾਂ ਨਾਲ ਕੁਰਨੇਲੀਉਸ ਬਚਾਇਆ ਗਿਆ ਸੀ ਭਾਵ ਜਦ ਤਕ ਉਹ ਵਚਨ ਨਹੀਂ ਬੋਲੇ ਗਏ ਤਦ ਤਕ ਕੁਰਨੇਲੀਉਸ ਨੂੰ ਪਾਪਾਂ ਤੋਂ ਮੁਕਤੀ ਨਹੀਂ ਮਿਲੀ ਸੀ (ਰਸੂਲਾ ਦੇ ਕੰਮ 11:14)। ਪਵਿੱਤਰ ਆਤਮਾ ਕੁਰਨੇਲੀਉਸ ਤੇ ਇਨ੍ਹਾਂ ਗੱਲਾਂ ਦੇ ਬੋਲਦਿਆਂ ਉੱਤਰਿਆ, ਇਸ ਕਰਕੇ, ਅਜੇ ਮੁਕਤੀ ਦਾ ਕੰਮ ਅਜੇ ਪੂਰਾ ਨਹੀਂ ਹੋਇਆ ਸੀ। ਕੁਰਨੇਲੀਉਸ ਤੇ ਪਵਿੱਤਰ ਆਤਮਾ ਦੇ ਆਉਣ ਕਰਕੇ ਪਤਰਸ ਨੇ ਗ਼ੈਰ ਕੌਮ ਲੋਕਾਂ ਨੂੰ ਇੰਜੀਲ ਦੇਣ ਦੇ ਫ਼ੌਰਨ ਫ਼ੈਸਲਾ ਲਿਆ। ਉਸ ਨੂੰ ਰਸੂਲਾਂ ਤੇ ਉੱਤਰੇ ਪਵਿੱਤਰ ਆਤਮਾ ਵਾਲੀ ਗੱਲ ਚੇਤੇ ਆਈ ਅਤੇ ਉਹਨੇ ਨਿਚੋੜ ਕੱਢਿਆ ਕਿ ਕੁਰਨੇਲੀਉਸ ਦੇ ਘਰਾਣੇ ਤੇ ਪਵਿੱਤਰ ਆਤਮਾ ਦੇ ਅਜਿਹੇ ਬਪਤਿਸਮੇ ਨਾਲ ਇਸ ਸਥਿਤੀ ਨੂੰ ਖ਼ੁਦਾ ਦੀ ਮੰਜ਼ੂਰੀ ਮਿਲ ਗਈ ਹੈ (ਰਸੂਲਾਂ ਦੇ ਕੰਮ 11:16, 17)।

ਅਖ਼ੀਰ ਵਿਚ ਪਤਰਸ ਨੇ ਆਪਣੇ ਗ਼ੈਰ ਕੌਮ ਸਰੋਤਿਆਂ ਨੂੰ ''ਯਿਸੂ ਮਸੀਹ ਦੇ ਨਾਂਅ 'ਚ ਬਪਤਿਸਮਾ'' ਦੇਣ ਦਾ ਹੁਕਮ ਦਿੱਤਾ (ਰਸੂਲਾਂ ਦੇ ਕੰਮ 10:48)। ਇਹ ਉਹੀ ਬਪਤਿਸਮਾ ਸੀ ਜਿਹਦਾ ਪਤਰਸ ਨੇ ਰਸੂਲਾਂ ਦੇ ਕੰਮ 2 ਵਿਚ ਪੈਂਟੀਕਾਸਟ ਵਾਲੇ ਦਿਨ ਯਰੂਸ਼ਲਮ ਦੀ ਭੀੜ ਸਾਹਮਣੇ ਅੱਠ-ਦਸ ਸਾਲ ਪਹਿਲਾਂ ਪ੍ਰਚਾਰ ਕੀਤਾ ਸੀ। ''ਯਿਸੂ ਮਸੀਹ ਦੇ ਨਾਂਅ 'ਚ'' ਤੋਂ ਭਾਵ ਉਹਦੇ ਇਖ਼ਤਿਆਰ ਨਾਲ ਬਪਤਿਸਮਾ ਦੇਣਾ ਹੈ। ਪਤਰਸ ਓਸੇ ਬਪਤਿਸਮੇ ਦੀ ਵਰਤੋਂ ਕਰ ਰਿਹਾ ਸੀ, ਕਿਉਂਕਿ ਦੋਵੇਂ ਹੀ ਯਿਸੂ ਦੇ ਇਖ਼ਤਿਆਰ ਨਾਲ ਸਨ। ਪਰ ਪੈਂਟੀਕਾਸਟ ਵਾਲੇ ਦਿਨ, ਉਹਨੇ ਐਲਾਨ ਕੀਤਾ ਸੀ ਕਿ ਇਹ ਬਪਤਿਸਮਾ ਤੁਹਾਡੇ ''ਪਾਪਾਂ ਦੀ ਮਾਫ਼ੀ ਲਈ'' ਹੈ (ਰਸੂਲਾਂ ਦੇ ਕੰਮ 2:38)। ਜੇ ਇਹ ਗੱਲ ਹੈ ਤਾਂ ਕੁਰਨੇਲੀਉਸ ਅਤੇ ਉਹਦੇ ਘਰਾਣੇ ਦੇ ਪਾਪ ਉਦੋਂ ਤਕ ਮਾਫ਼ ਨਹੀਂ ਹੋਏ ਸਨ ਜਦ ਤਕ ਉਨ੍ਹਾਂ ਮਸੀਹ ਵਿਚ ਬਪਤਿਸਮਾ ਨਹੀਂ ਲਿਆ ਸੀ। ਆਤਮਾ ਉਨ੍ਹਾਂ ਦੇ ਬਪਤਿਸਮਾ ਲੈਣ ਤੋਂ ਪਹਿਲਾਂ ਆਇਆ, ਇਸ ਲਈ ਪੱਕਾ ਹੈ ਕਿ ਇਸ ਘਟਨਾ ਵਿਚ ਇਸ ਘਰਾਣੇ ਨਾਲ ਆਤਮਾ 'ਤੇ ਸਿੱਧੇ ਤੌਰ 'ਤੇ ਮੁਕਤੀ ਦਾ ਕੋਈ ਕੰਮ ਨਹੀਂ ਕੀਤਾ।

ਬਪਤਿਸਮੇ ਦੀ ਸਮਝ ਰਸੂਲਾਂ ਦੇ ਕੰਮ ਦੀ ਹੋਰ ਸਭ ਘਟਨਾਵਾਂ ਦੇ ਨਾਲ-ਨਾਲ ਬਪਤਿਸਮੇ ਦੀ ਸਿੱਖਿਆ ਸਬੰਧੀ ਗੱਲਾਂ ਨਾਲ ਮੇਲ ਖਾਂਦੀ ਹੈ। ਤਰਸੁਸ ਵਾਸੀ ਸੌਲੁਸ ਨੂੰ ਵੀ ਦੱਸਿਆ ਗਿਆ ਸੀ ਕਿ ''ਉੱਠ ਅਤੇ ਉਹਦਾ ਨਾਂਅ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ'' (ਰਸੂਲਾਂ ਦੇ ਕੰਮ 22:16)। ਪੌਲੁਸ ਨੇ ਜੀ ਉੱਠਣ ਨੂੰ ਮਸੀਹ ਵਿਚ ਨਵੇਂ ਜੀਵਨ ਨਾਲ ਜੋੜਿਆ ਜੋ ਪਾਣੀ ਦੇ ਬਪਤਿਸਮੇ ਤੋਂ ਉੱਪਰ ਆਉਣ ਦੇ ਬਾਅਦ ਹੁੰਦਾ ਹੈ (ਰੋਮੀਆਂ 6:3,4)। ਇਸ ਸੰਦਰਭ ਵਿਚ ਪੌਲੁਸ ਨੇ ਇਹ ਵੀ ਜ਼ਿਕਰ ਕੀਤਾ ਕਿ ਉਸ ਉਪਦੇਸ਼ ਨੂੰ ਮੰਨਣ ਵਾਲਾ ਪਾਪ ਤੋਂ ਅਜ਼ਾਦ ਹੋ ਜਾਂਦਾ ਹੈ (ਰੋਮੀਆਂ 6:17, 18)।

ਬਪਤਿਸਮਾ ਬਾਈਬਲ ਦੀਆਂ ਸਭ ਸਿੱਖਿਆਵਾਂ ਵਿੱਚੋਂ ਸਭ ਤੋਂ ਘੱਟ ਸਮਝ ਆਉਣ ਵਾਲਾ ਹੈ। ਸ਼ਾਇਦ ਇਹ ਖ਼ੁਦਾ ਵੱਲੋਂ ਵਿਸ਼ਵਾਸ ਦੀ ਆਖ਼ਰੀ ਪਰੀਖਿਆ ਹੈ। ਭਲਾ ਪਸ਼ਚਾਤਾਪੀ ਵਿਸ਼ਵਾਸ ਕਰਨ ਵਾਲੇ ਪਾਪੀਆਂ ਦਾ ਵਿਸ਼ਵਾਸ ਐਨਾ ਹੈ ਕਿ ਉਹ ਬਪਤਿਸਮੇ ਵਰਗੀ ਕਿਸੇ

ਅਜਿਹੀ ਗੱਲ ਦੇ ਅੱਗੇ ਸਮਰਪਣ ਕਰ ਸਕਣ ਜਿਸ ਵਿਚ ਉਨ੍ਹਾਂ ਨੂੰ ਕੋਈ ਮਤਲਬ ਨਜ਼ਰ ਨਾ ਆਉਂਦਾ ਹੋਵੇ।

## ਸਾਰ

ਮੁਕਤੀ ਵਿਸ਼ਵ ਵਿਆਪੀ ਤੌਰ ਤੇ, ਹਰ ਮਨੁੱਖ ਲਈ ਪੇਸ਼ ਕੀਤੀ ਗਈ ਹੈ। ਖ਼ੁਦਾ ਨੇ ਉਹ ਮੁਕਤੀ ਆਪਣੇ ਬੇਟੇ ਦੀ ਕੁਰਬਾਨੀ ਦੇ ਕੇ ਮੁਹੱਈਆ ਕਰਵਾਈ ਹੈ। ਖ਼ੁਦਾ ਦੇ ਫ਼ਜ਼ਲ ਨਾਲ ਮੁਕਤੀ ਸਚਮੁਚ ਉਹ ''... ਕਿਰਪਾ'' ਹੈ ਜੋ ''ਸਭ ਮਨੁੱਖਾਂ ਲਈ'' ਹੈ (ਤੀਤੁਸ 2:11), ਪਰ ਆਪਣੀ ਮਰਜ਼ੀ ਨਾਲ ਦਿੱਤੇ ਮੁਕਤੀ ਦੇ ਉਸ ਦਾਨ ਨੂੰ ਕਬੂਲ ਕਰਨਾ ਹਰ ਕਿਸੇ ਦਾ ਨਿੱਜੀ ਫ਼ੈਸਲਾ ਹੈ।

ਯਿਸੂ ਦੇ ਵਕਤ ਯਹੂਦੀਆ 'ਚ ਅਗਿਆਨਤਾ, ਘਮੰਡ, ਮੁਤੱਅਸਬ ਅਤੇ ਕੌਮੀਅਤ ਦੇ ਕਾਰਣ, ਇਸ ਸਵਾਲ ਦੇ ਹੱਲ ਲਈ ਦੋ ਦਹਾਕੇ ਲੱਗ ਗਏ ਕਿ ਗ਼ੈਰ ਕੌਮਾਂ ਦੇ ਲੋਕਾਂ ਨੂੰ ਮਸੀਹ ਦੀ ਸੇਵਾ ਲਈ ਕਬੂਲ ਕੀਤਾ ਜਾਵੇ ਜਾਂ ਨਾ। ਜਿਸ ਪਸ਼ੋਪੇਸ਼ ਨੇ ਕੌਮਾਂ ਵਿਚਕਾਰ ਹਾਹਾਕਾਰ ਮਚਾਈ ਸੀ, ਉਹ ਕਲੀਸੀਆ ਵਿਚ ਹੌਲੀ-ਹੌਲੀ ਖ਼ਤਮ ਹੋ ਰਹੀ ਸੀ।

ਜਿਹੜੀ ਮੁਸ਼ਕਿਲ ਅੱਜ ਮਸੀਹੀ ਲੋਕਾਂ ਸਾਹਮਣੇ ਆ ਰਹੀ ਹੈ, ਉਹ ਸ਼ਾਇਦ ਕੌਮੀ ਝਗੜੇ ਦੀ ਓਨੀ ਨਹੀਂ, ਜਿੰਨੀ ਯਿਸੂ ਦੇ ਹੁਕਮ ਨੂੰ ਸਮਝਣ ਦੀ ਲਾਪਰਵਾਹੀ ਹੈ। ਰਸੂਲਾਂ ਨੂੰ ਸਭ ਕੌਮਾਂ ਵਿਚ, ਸਾਰੀ ਦੁਨੀਆਂ 'ਚ ਜਾ ਕੇ ਪ੍ਰਚਾਰ ਕਰਨ ਦੇ ਉਹਦੇ ਹੁਕਮ ਵਿਚ ਹਰ ਪੀੜ੍ਹੀ ਦੇ ਹਰ ਮਸੀਹੀ ਨੂੰ ਲਗਾਤਾਰ ਬਾਰ-ਬਾਰ ਮਿਲਣ ਵਾਲੀ ਜ਼ਿੰਮੇਵਾਰੀ ਹੈ। ਭਲਾ ਇਹਦਾ ਮਤਲਬ ਇਹ ਨਹੀਂ ਸੀ ਕਿ ਪੈਂਟੀਕਾਸਟ ਵਾਲੇ ਦਿਨ ਤੋਂ ਲੈ ਕੇ ਨਿਆਂ ਦਾ ਦਿਨ ਆਉਣ ਤਕ ਸਾਰੀ ਦੁਨੀਆਂ ਵਿਚ ਘੱਟੋ-ਘੱਟ ਇਕ ਵਾਰ ਇੰਜੀਲ ਸੁਣਾਈ ਜਾਣੀ ਜ਼ਰੂਰੀ ਹੈ? ਮੁਸ਼ਕਿਲ ਨਾਲ! ਇਹਦਾ ਮਤਲਬ ਹੈ ਕਿ ਸਾਰੀ ਦੁਨੀਆਂ 'ਚ ਹਰ ਪੀੜ੍ਹੀ ਵਿਚ ਬਾਰ-ਬਾਰ ਇੰਜੀਲ ਸੁਣਾਈ ਜਾਵੇ।

ਅੱਜ ਦੇ ਸਮੇਂ ਦੇ ਲੋਕ ਆਪਣੀਆਂ ਪਿਛਲੀਆਂ ਪੀੜ੍ਹੀਆਂ ਜਾਂ ਆਉਣ ਵਾਲੀਆਂ ਪੀੜ੍ਹੀਆਂ ਵਿਚ ਪ੍ਰਚਾਰ ਨਹੀਂ ਕਰ ਸਕਦੇ ਹਨ। ਅੱਜ ਦੇ ਲੋਕ ਸਿਰਫ਼ ਅੱਜ ਦੀ ਪੀੜ੍ਹੀ ਵਿਚ ਹੀ ਪ੍ਰਚਾਰ ਕਰ ਸਕਦੇ ਹਨ। ਸਾਰੀ ਧਰਤੀ ਨੂੰ ਇੰਜੀਲ ਨਾਲ ਢੱਕ ਦੇਣ ਦੀ ਖ਼ੁਦਾ ਦੀ ਹਦਾਇਤ ਅੱਜ ਵੀ ਲਾਜ਼ਮੀ ਅਤੇ ਲਾਗੂ ਹੈ। ਇੰਜੀਲ ਸਭ ਲਈ ਹੈ, ਪਰ ਅੱਜ ਦਾ ਸੰਸਾਰ ਉਦੋਂ ਤਕ ਉਸ ਖ਼ੁਸ਼ਖ਼ਬਰੀ ਨੂੰ ਨਹੀਂ ਸੁਣ ਸਕਦਾ ਜਦ ਤਕ ਅੱਜ ਦੇ ਦਿਨ ਰਹਿਣ ਵਾਲੇ ਮਸੀਹੀ ਲੋਕ ਉਸ ਨੂੰ ਫ਼ੈਲਾਉਂਦੇ ਨਹੀਂ।

© 2009 Truth for Today